ਪ੍ਰੋ. ਇੰਮਾਨੂੰਏਲ ਨਾਹਰ
ਚੇਅਰਮੈਨ
Prof. Emanual Nahar
Chairman

D.O. No. 08/01/2020/416

ਪੰਜਾਬ ਸਰਕਾਰ
ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ
Government of Punjab
Punjab State Commission for Minorities

Dated : 14/7/2020

ਵਿਸ਼ਾ:- ਪੰਜਾਬ ਭਰ ਵਿੱਚ ਘੱਟ ਗਿਣਤੀਆਂ ਭਾਈਚਾਰੇ ਉਪਰ ਹੋ ਰਹੇ ਹਮਲਿਆਂ, ਵਧੀਕੀਆਂ ਅਤੇ ਧੱਕੇ ਸ਼ਾਹੀਆਂ ਨੂੰ ਰੋਕਣ ਸਬੰਧੀ ਅਤੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਕਾਰਵਾਈ ਦੀ ਮੰਗ।

--

ਮਾਨਯੋਗ

ਮੈਂ ਆਪ ਜੀ ਦੀ ਅਤਿ ਧੰਨਵਾਦੀ ਹਾਂ ਕਿ ਆਪ ਜੀ ਦੀ ਰਹਿਨਮਈ ਹੇਠ ਪੰਜਾਬ ਵਿੱਚ ਲੋਕ ਸ਼ਾਂਤੀ ਪੂਰਵਕ ਅਤੇ ਧਾਰਮਿਕ ਸਦਭਾਵਨਾ ਨਾਲ ਰਹਿ ਰਹੇ ਹਨ ਘੱਟ ਗਿੱਣਤੀਆਂ ਭਾਈਚਾਰੇ ਦਾ ਆਪ ਅਤੇ ਆਪ ਜੀ ਦੀ ਧਰਮ ਨਿਰਪੱਖ ਸਰਕਾਰ ਦੁਆਰਾ ਖਾਸ ਧਿਆਨ ਰੱਖਿਆ ਜਾ ਰਿਹਾ ਹੈ।

2. ਕੁੱਝ ਸ਼ਰਾਰਤੀ ਅੰਨਸਰਾਂ ਦੁਆਰਾ ਰਾਜ ਵਿੱਚ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਇੱਕਾ ਦੁਕਾ ਘਟਨਾਵਾਂ ਰਾਹੀਂ ਘੱਟ ਗਿੱਣਤੀ ਭਾਈਚਾਰਿਆਂ ਉਪਰ ਹਮਲਿਆਂ ਨਾਲ ਵੱਧੀਕੀਆਂ ਅਤੇ ਧੱਕੇ ਸ਼ਾਹੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਸਬੰਧ ਵਿੱਚ ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਨੂੰ ਲਗਾਤਾਰ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਉਨ੍ਹਾਂ ਤੇ ਧਨਾਡਾ ਵਲੋਂ ਮਾਰਕੁਟਾਈ ਦੀਆਂ ਵਾਰਦਾਤਾਂ ਵਿੱਚ ਬਹੁੱਤ ਵਾਧਾ ਹੋ ਰਿਹਾ ਹੈ, ਜੋ ਕਿ ਇਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਇਨ੍ਹਾਂ ਗਰੀਬ ਲੋਕਾਂ ਉਤੇ ਧਨਾਡ ਵਿਅਕਤੀਆਂ ਦੁਆਰਾ ਤਸ਼ਦਦ ਕੀਤੇ ਜਾਂਦੇ ਹਨ ਅਤੇ ਜਦੋਂ ਉਹ ਇਸ ਸਬੰਧੀ ਆਪਣੀ ਸ਼ਿਕਾਇਤ ਪੁਲਿਸ ਥਾਣੇ ਵਿਚ ਲਿਖਵਾਉਣ ਜਾਂਦੇ ਹਨ ਤਾਂ ਉਨ੍ਹਾਂ ਦੇ ਗਰੀਬ ਅਤੇ ਅਨਪੜ੍ਹ ਹੋਣ ਕਾਰਣ ਜਾਂ ਤਾਂ ਉਨ੍ਹਾਂ ਦੀ ਸ਼ਿਕਾਇਤ ਸੁੱਣੀ ਹੀ ਨਹੀਂ ਜਾਂਦੀ ਅਤੇ ਜੇਕਰ ਉਨ੍ਹਾ ਦੀ ਸ਼ਿਕਾਇਤ ਦਰਜ਼ ਕਰ ਲਈ ਜਾਵੇ ਤਾਂ ਬਾਅਦ ਵਿੱਚ ਉਨ੍ਹਾਂ ਤੇ ਰਾਜ਼ੀਨਾਮੇ ਕਰਨ ਲਈ ਜ਼ੋਰ ਪਾਇਆ ਜਾਂਦਾ ਹੈ।

3. ਮਿਤੀ 9-7-2020 ਨੂੰ ਕਮਿਸ਼ਨ ਦੀ ਈ ਮੇਲ ਤੇ ਪ੍ਰਾਪਤ ਹੋਈ ਸ਼ਿਕਾਇਤ ਜੋ ਸੈਮੂਅਲ ਮਸੀਹ ਅਤੇ ਸੁਖਰਾਜ ਮਸੀਹ ਵਾਸੀ ਪਿੰਡ ਦੂਜੇਵਾਲ, ਤਹਿਸੀਲ ਅਜ਼ਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇ ਸ਼ਿਕਾਇਤ ਰਾਹੀਂ ਬੇਨਤੀ ਕੀਤੀ ਹੈ ਕਿ ਹਰਿੰਦਰ ਸਿੰਘ ਉਰਫ ਹਿੰਦਾ ਆਦਿ ਨੇ ਉਹਨਾਂ ਦੇ ਘਰ ਅੰਦਰ ਦਾਖਲ ਹੋ ਕੇ ਹਮਲਾ ਕੀਤਾ ਅਤੇ ਜਾਨੋ-ਮਾਰਨ ਦੀਆਂ ਧਮਕੀਆਂ ਦਿੱਤੀਆਂ ਪਰੰਤੂ ਸਥਾਨਿਕ ਪੁਲਿਸ ਵਲੋਂ ਉਨ੍ਹਾਂ ਦੀ ਕੋਈ ਵੀ ਸੱਣਵਾਈ ਨਹੀ ਕੀਤੀ ਜਾ ਰਹੀ। ਇਸ ਸਬੰਧ ਵਿੱਚ ਮਸੀਹ ਏਕਤਾ ਸੰਘਰਸ਼ ਕਮੇਟੀ ਨੇ ਸਥਾਨਕ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸ਼ਨ ਨੂੰ ਬੇਨਤੀ ਕੀਤੀ ਹੈ ਕਿ ਉਹ ਬਿਨਾਂ ਕਿਸੇ ਪਾਰਟੀ ਦੇ ਦਬਦਬੇ ਤੋਂ ਦੋਸ਼ੀਆਂ ਤੇ ਬਣਦੀਆਂ ਧਾਰਵਾਂ ਤਹਿਤ ਕਾਨੂੰਨੀ ਕਾਰਵਾਈ ਕਰਨ ਤਾਂ ਜੋ ਮਸੀਹ ਭਾਈਚਾਰੇ ਨੂੰ ਇੰਨਸਾਫ ਮਿਲ ਸਕੇ ।

ਵਣ ਭਵਨ, ਸੈਕਟਰ 68, ਸਾਹਿਬਜਾਦਾ ਅਜੀਤ ਸਿੰਘ ਨਗਰ
Forest Complex, Sector 68, Sahibzada Ajit Singh Nagar
Tel. : 0172-2298094, Fax : 0172-2298080, E-mail : pb.minoritycomm@gmail.com

ਉਨ੍ਹਾਂ ਵਲੋਂ ਇਹ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਪ੍ਰਸ਼ਾਸ਼ਨ ਕਾਰਵਾਈ ਕਰਨ ਵਿੱਚ ਮੱਤਭੇਦ ਜਾਂ ਦੇਰੀ ਕਰਦਾ ਹੈ ਤਾਂ ਇਸ ਸਬੰਧੀ ਧਰਨੇ ਲਾ ਕੇ ਪ੍ਰਸ਼ਾਸ਼ਨ ਨੂੰ ਇੰਨਸਾਫ ਦੇਣ ਲਈ ਬੇਨਤੀ ਕੀਤੀ ਜਾਵੇਗੀ।

4. ਮਾਨਯੋਗ ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਛਪਾਈ ਤੇ ਲਿਖਣ ਸਮੱਗਰੀ ਮੰਤਰੀ ਜੀ ਦੀ ਅਗਵਾਈ ਹੇਠ ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਹੋਈ ਮੀਟਿੰਗ ਮਿਤੀ 09-07-2020 ਵਿੱਚ ਵੀ ਨਿਮਨ ਹਸਤਾਖਰਤ ਨੇ ਬੇਨਤੀ ਕੀਤੀ ਸੀ ਕਿ ਘੱਟ ਗਿਣਤੀਆਂ ਤੇ ਹੋ ਰਹੇ ਅਤਿਆਚਾਰਾ ਨੂੰ ਰੋਕਣ ਲਈ ਸਖ਼ਤ ਉਪਬੰਧ ਕੀਤੇ ਜਾਣ ਦੀ ਲੋੜ ਹੈ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿਵੇਂ ਕਿ ਐਸ.ਸੀ. ਅਤੇ ਐਸ.ਟੀ. ਭਾਈਚਾਰੇ ਦੇ ਹੱਕਾਂ ਨੂੰ ਸੁਰੱਖਿਅਤ ਰੱਖਣ ਲਈ Protection of Civil Rights Act, 1956, Protection of Civil Rules, 1977 and Prevention of Atrocities Act, 1989 ਵਿੱਚ harassment/exploitation and atrocities ਕਰਨ ਤੇ ਉਪਬੰਧ ਪਾਏ ਗਏ ਹਨ ਉਸੇ ਹੀ ਆਧਾਰ ਤੇ ਘੱਟ ਗਿਣਤੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਵੀ ਐਕਟ ਬਣਾਏ ਜਾਣ ਦੀ ਲੋੜ ਹੈ ਤਾਂ ਜੋ ਪੰਜਾਬ ਵਿੱਚ ਵੱਸਦੇ ਘੱਟ ਗਿਣਤੀ ਭਾਈਚਾਰੇ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ।

5. ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ, ਜੇਕਰ ਆਪ ਸਮੂਹ ਪ੍ਰਬੰਧਕੀ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸ਼ਨ ਨੂੰ ਆਦੇਸ਼ ਦੇਣ ਦੀ ਕ੍ਰਿਪਾਲਤਾ ਕਰੋਗੇ ਕਿ ਜਿਥੇ ਵੀ ਕਿਸੇ ਘੱਟ ਗਿਣਤੀ ਭਾਈਚਾਰੇ ਤੇ ਹਮਲਿਆਂ, ਵਧੀਕੀਆਂ ਅਤੇ ਧੱਕੇ ਸ਼ਾਹੀਆਂ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਤੇ ਤੁਰੰਤ ਬਣਦੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਹਰ ਪੱਖ ਤੋਂ ਇੰਨਸਾਫ ਦਿਵਾਇਆ ਜਾਵੇ।

ਆਦਰ ਸਹਿਤ,

ਹਿੱਤੂ,

Emannuel Naher

(ਪ੍ਰੋ: ਇੰਮਾਨੂੰਏਲ ਨਾਹਰ)

ਕੈਪਟਨ ਅਮਰਿੰਦਰ ਸਿੰਘ ਜੀ,
ਮਾਨਯੋਗ ਮੁੱਖ ਮੰਤਰੀ, ਪੰਜਾਬ।

ਕੈ. ਅਮਰਿੰਦਰ ਸਿੰਘ
Capt. Amarinder Singh

ਮੁੱਖ ਮੰਤਰੀ, ਪੰਜਾਬ
Chief Minister, Punjab

ਨੰ: ਮਮਪ-20/ LC-3/CM/317

ਜੁਲਾਈ 27, 2020

ਪਿਆਰੇ ਪ੍ਰੋ: ਇਮਾਨੂੰਏਲ ਨਾਹਰ ਜੀ,

ਤੁਹਾਡੀ 14 ਜੁਲਾਈ 2020 ਦੀ ਚਿੱਠੀ ਜਿਸ ਰਾਹੀਂ ਤੁਸੀਂ ਰਾਜ ਵਿੱਚ ਘੱਟ ਗਿਣਤੀ ਭਾਈਚਾਰੇ ਨਾਲ ਕਥਿਤ ਵਧੀਕੀਆਂ ਦਾ ਜ਼ਿਕਰ ਕੀਤਾ ਹੈ, ਮੈਨੂੰ ਮਿਲ ਗਈ ਹੈ ਅਤੇ ਮੈਂ ਇਸ ਸਬੰਧ ਵਿੱਚ ਵਿਸੇਸ਼ ਮੁੱਖ ਸਕੱਤਰ, ਗ੍ਰਹਿ ਵਿਭਾਗ, ਨੂੰ ਫੌਰੀ ਕਾਰਵਾਈ ਕਰਨ ਲਈ ਕਹਿ ਦਿੱਤਾ ਹੈ।

ਸਤਿਕਾਰ ਸਹਿਤ,

ਹਿੱਤੂ,

(ਅਮਰਿੰਦਰ ਸਿੰਘ)

ਪ੍ਰੋ: ਇੰਮਾਨੂੰਏਲ ਨਾਹਰ,
ਚੇਅਰਮੈਨ,
ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ,
ਵਣ ਭਵਨ, ਸੈਕਟਰ 68,
ਸਾਹਿਬਜਾਦਾ ਅਜੀਤ ਸਿੰਘ ਨਗਰ।
(Email: pb.minoritycomm@gmail.com)